# ਦਫ਼ਤਰ, ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।

ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, E Block, 5ਵੀ ਮੰਜ਼ਿਲ, ਫੇਜ਼-8, ਐਸ.ਏ.ਐਸ. ਨਗਰ

ਵੱਲ,

ਡੀ.ਪੀ.ਆਈ. (ਸੈ.ਸਿ.) ਪੰਜਾਬ।
ਡੀ.ਪੀ.ਆਈ. (ਐ.ਸਿ.) ਪੰਜਾਬ।
ਸਮੂਹ ਮੰਡਲ ਸਿੱਖਿਆ ਅਫ਼ਸਰ, ਪੰਜਾਬ। (ਵੈੱਬਸਾਇਟ ਰਾਹੀਂ)
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ./ਐ.ਸਿ.), ਪੰਜਾਬ। (ਵੈੱਬਸਾਇਟ ਰਾਹੀਂ)

ਮੀਮੋ ਨੰ: ਕੋਆਰਡੀਨੇਸ਼ਨ/ਰੀਵਿਊ/ਮੀਟਿੰਗ/2013/9333
ਮਿਤੀ: 22.05.2013

ਵਿਸ਼ਾ: **ਮਾਨਯੋਗ ਸਿੱਖਿਆ ਮੰਤਰੀ ਜੀ ਦੀ ਪ੍ਰਧਾਨਗੀ ਹੇਠ ਮਿਤੀ 03.05.2013 ਨੂੰ ਹੋਈ ਮੀਟਿੰਗ ਦੀ ਕਾਰਵਾਈ ਰਿਪੋਰਟ।**

1.0 ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ।

2.0 ਮਾਨਯੋਗ ਸਿੱਖਿਆ ਮੰਤਰੀ ਜੀ ਦੀ ਪ੍ਰਧਾਨਗੀ ਹੇਠ ਮਿਤੀ 03.05.2013 ਨੂੰ ਮੰਡਲ ਸਿੱਖਿਆ ਅਫ਼ਸਰ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਨਾਲ ਹੋਈ ਰੀਵਿਊ ਮੀਟਿੰਗ ਦੀ ਕਾਰਵਾਈ ਸਰਕਾਰ ਦੀ ਪ੍ਰਵਾਨਗੀ ਨਾਲ ਜਾਰੀ ਕੀਤੀ ਜਾਂਦੀ ਹੈ।

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ।

ਵਿਸ਼ਾ: ਮਾਨਯੋਗ ਸਿੱਖਿਆ ਮੰਤਰੀ ਜੀ ਦੀ ਪ੍ਰਧਾਨਗੀ ਹੇਠ ਮਿਤੀ 3.5.2013 ਨੂੰ 11.00 ਵਜੇ ਕਿਸਾਨ ਭਵਨ ਵਿੱਚ ਸਿੱਖਿਆ ਵਿਭਾਗ ਦੇ ਫੀਲਡ ਅਧਿਕਾਰੀਆਂ ਨਾਲ ਹੋਈ ਮੀਟਿੰਗ ਦੀ ਕਾਰਵਾਈ ਰਿਪੋਰਟ।

ਇਸ ਮੀਟਿੰਗ ਵਿੱਚ ਹੇਠ ਲਿਖੇ ਅਧਿਕਾਰੀ ਸਾਹਿਬਾਨ ਨੇ ਭਾਗ ਲਿਆ:-

1. ਪ੍ਰਮੁੱਖ ਸਕੱਤਰ ਸਕੂਲ ਸਿੱਖਿਆ
2. ਸਕੱਤਰ-ਕਮ-ਡੀ.ਜੀ.ਐਸ.ਈ
3. ਡੀ.ਪੀ.ਆਈ(ਸੈ.ਸਿ)
4. ਡੀ.ਪੀ.ਆਈ(ਐ.ਸਿ)
5. ਸਮੂਹ ਮੰਡਲ ਸਿੱਖਿਆ ਅਫਸਰ
6. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿ)
7. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ)

ਮੀਟਿੰਗ ਵਿੱਚ ਹੇਠ ਲਿਖੇ ਵਿਸ਼ਿਆਂ ਤੇ ਵਿਚਾਰ ਵਟਾਂਦਰਾ ਕੀਤਾ ਗਿਆ:-

1. ਇਹ ਵਿਚਾਰ ਕੀਤਾ ਗਿਆ ਸਕੂਲਾਂ ਵਿੱਚ ਚਲ ਰਹੀ ਰੈਸ਼ਨੇਲਾਈਜੇਸ਼ਨ ਨੂੰ ਗੰਭੀਰਤਾ ਨਾਲ ਸਿਰੇ ਚਾੜ੍ਹਿਆ ਜਾਵੇ । ਇਹ ਪਾਇਆ ਗਿਆ ਕਈ ਸਕੂਲਾਂ ਵੱਲੋਂ ਬੱਚਿਆਂ ਦੀ ਗਿਣਤੀ ਸਹੀ ਨਹੀਂ ਦੱਸੀ ਜਾਂਦੀ ਜਿਸ ਕਾਰਨ ਰੈਸ਼ਨੇਲਾਈਜੇਸ਼ਨ ਦੀ ਪ੍ਰੀਕ੍ਰਿਆ ਵਿੱਚ ਵੱਡੀ ਵਿਘਨ ਪੈਂਦੀ ਹੈ । ਇਸ ਲਈ ਮਾਨਯੋਗ ਸਿੱਖਿਆ ਮੰਤਰੀ ਜੀ ਨੇ ਸਪਸ਼ਟ ਕਿਹਾ ਕਿ ਬੱਚਿਆਂ ਦੀ ਗਲਤ ਗਿਣਤੀ ਦੇਣ ਵਾਲੇ ਅਧਿਆਪਕ ਅਤੇ ਸਕੂਲ ਦੇ ਮੁੱਖੀ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇ । ਉਹਨਾਂ ਨੇ ਕਿਹਾ ਕਿ ਰੈਸ਼ਨੇਲਾਈਜ਼ੇਸਨ ਦੀ ਪ੍ਰੀਕ੍ਰਿਆ ਹਰ ਹਾਲਤ ਵਿੱਚ 31 ਮਈ 2013 ਤੱਕ ਮੁਕੰਮਲ ਕਰ ਲਈ ਜਾਵੇ ।

2. ਕੋਰਟ ਕੇਸਾਂ ਨੂੰ ਰਿਵਿਊ ਕਰਦੇ ਸਮੇਂ ਪ੍ਰਮੁੱਖ ਸਕੱਤਰ ਸਕੂਲ ਸਿੱਖਿਆ ਜੀ ਨੇ ਸਪਸ਼ਟ ਕੀਤਾ ਕਿ ਮਾਨਯੋਗ ਕੋਰਟ ਵਲੋਂ ਕਿਸੇ ਵੀ ਮੁਲਾਜ਼ਮ ਦੇ ਕੇਸ ਵਿੱਚ ਦਿੱਤੀ ਹਦਾਇਤ ਦੀ ਇੰਨ-ਬਿੰਨ ਪਾਲਣਾ ਤੁਰੰਤ ਕਰਨੀ ਯਕੀਨੀ ਬਣਾਈ ਜਾਵੇ ਅਤੇ ਜੇਕਰ ਕਿਸੇ ਕੇਸ ਵਿੱਚ ਕੰਟੇਂਪਟ ਪੈਂਦੀ ਹੈ ਤਾਂ ਉਸ ਦੀ ਜ਼ਿੰਮੇਵਾਰੀ ਉਸ ਅਧਿਕਾਰੀ ਦੀ ਹੋਵੇਗੀ ਜਿਸ ਨੇ ਮਾਨਯੋਗ ਕੋਰਟ ਵੱਲੋਂ ਕੀਤਾ ਗਿਆ ਫੈਸਲਾ ਸਮੇਂ ਸਿਰ ਲਾਗੂ ਨਹੀਂ ਕੀਤਾ । ਉਹਨਾਂ ਕਿਹਾ ਕਿ ਉਹਨਾਂ ਸਾਰੇ ਕੇਸਾਂ ਵਿੱਚ ਜਿਥੇ ਮਾਨਯੋਗ ਕੋਰਟ ਵੱਲੋਂ ਹੁਕਮ ਕੀਤੇ ਜਾਂਦੇ ਹਨ ਕਿ ਸਿੱਖਿਆ ਵਿਭਾਗ ਦੀ ਸਬੰਧਤ ਅਥਾਰਟੀ ਵੱਲੋਂ ਪ੍ਰਾਰਥੀ ਦੀ ਪ੍ਰਤੀਬੇਨਤੀ ਤੇ ਮੂੰਹ ਬੋਲਦੇ ਹੁਕਮ ਪਾਸ਼ ਕੀਤੇ ਜਾਣ, ਉਥੇ ਸਬੰਧਤ ਅਥਾਰਟੀ ਵੱਲੋਂ ਤੁਰੰਤ ਮੂੰਹ ਬੋਲਦੇ ਹੁਕਮ ਜਾਰੀ ਕੀਤੇ ਜਾਇਆ ਕਰਨ ਤਾਂ ਜੋ ਸਰਕਾਰ ਨੂੰ ਕੰਟੇਂਪਟ ਦਾ ਸਾਹਮਣਾ ਨਾ ਕਰਨਾ ਪਵੇ।

3. ਬੀ.ਪੀ.ਈ.ਓਜ਼ ਦੀ ਪਰਮੋਸ਼ਨ ਬਾਰੇ ਫੈਸਲਾ ਕੀਤਾ ਗਿਆ ਕਿ ਇਸ ਸਬੰਧੀ ਰੋਸਟਰ ਰਜਿਸਟਰ ਦੀ ਤੁਰੰਤ ਚੈਕਿੰਗ ਕੀਤੀ ਜਾਵੇ ਅਤੇ ਇਹਨਾਂ ਰੋਸਟਰ ਰਜਿਸਟਰਾਂ ਅਨੁਸਾਰ ਹੀ ਹੈੱਡ ਟੀਚਰ, ਸੀ.ਐਚ.ਟੀ ਤੋਂ ਬੀ.ਪੀ.ਈ. ਓਜ਼ ਦੀ ਤਰੱਕੀ ਦੇ ਕੇਸ ਵਿਚਾਰੇ ਜਾਣ।

4. <u>ਸਕੂਲਾਂ ਵਿੱਚ ਅਣਸੁਰੱਖਿਅਤ ਇਮਾਰਤਾਂ ਸਬੰਧੀ:-</u>

ਮੀਟਿੰਗ ਵਿੱਚ ਵਿਚਾਰ ਕੀਤਾ ਗਿਆ ਕਿ ਭਾਵੇਂ ਕਿ ਕਰੋੜਾ ਰੁਪਏ ਸਿਵਲ ਵਰਕਸ ਲਈ ਪਿਛਲੇ ਸਾਲਾਂ ਵਿੱਚ ਸਕੂਲਾਂ ਨੂੰ ਦਿੱਤੇ ਗਏ ਹਨ ਪਰ ਫਿਰ ਵੀ ਰਾਜ ਵਿੱਚ ਅਜੇ ਵੀ ਸਰਕਾਰੀ ਸਕੂਲਾਂ ਵਿੱਚ ਕੁਝ ਅਣਸੁਰੱਖਿਅਤ ਕਮਰੇ ਹੋ ਸਕਦੇ ਹਨ ਜਿਥੇ ਵਿਦਿਆਰਥੀ ਬੈਠਦੇ ਹੋਣ । ਇਸ ਸਬੰਧੀ ਸਮੂਹ ਜ਼ਿਲ੍ਹਾ ਸਿੱਖਿਆ ਅਫਸਰਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਇਹ ਯਕੀਨੀ ਬਨਾਉਣ ਕੀ ਕਿਸੇ ਵੀ ਅਣਸੁਰੱਖਿਅਤ ਕਮਰੇ ਵਿੱਚ ਵਿਦਿਆਰਥੀਆਂ ਨੂੰ ਨਾ ਬੈਠਾਇਆ ਜਾਵੇ ਅਤੇ ਉਹਨਾ ਦੇ ਬੈਠਣ ਦੇ ਬਦਲਵੇਂ ਪ੍ਰਬੰਧ ਕੀਤੇ ਜਾਣ। ਅਣਸੁਰੱਖਿਅਤ ਇਮਾਰਤਾਂ ਨੂੰ ਢਾਹਣ ਸਬੰਧੀ ਲੋੜੀਂਦੀ ਕਾਰਵਾਈ ਕੀਤੀ ਜਾਵੇ । ਜੇਕਰ ਕਿਸੇ ਸਕੂਲ ਦੇ ਅਣਸੁਰੱਖਿਅਤ ਕਮਰੇ ਵਿੱਚ ਵਿਦਿਆਰਥੀ ਬੈਠਦੇ ਹੋਣ, ਤਾਂ ਅਜਿਹੇ ਕਮਰਿਆਂ ਨੂੰ ਢਾਹ ਕੇ ਨਵੇਂ ਕਮਰੇ ਬਨਾਉਣ ਹਿੱਤ ਰਕਮ ਦੀ ਮੰਗ ਡੀ.ਜੀ.ਐਸ.ਈ ਦਫਤਰ ਵਿੱਚ ਭੇਜੀ ਜਾਵੇ ।

5. <u>ਸਕੂਲਾਂ ਦਾ ਨਿਰੀਖਣ ਕਰਨ ਸਬੰਧੀ:-</u>

ਮਾਨਯੋਗ ਸਿੱਖਿਆ ਮੰਤਰੀ ਜੀ ਨੇ ਪ੍ਰੇਖਣ ਕੀਤਾ ਕਿ ਜ਼ਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਜੋ ਨਿਰੀਖਣ ਕੀਤੇ ਜਾਂਦੇ ਹਨ, ਉਹ ਜਾਂ ਤਾਂ ਮਿਥੀ ਗਿਣਤੀ ਅਨੁਸਾਰ ਨਹੀਂ ਕੀਤੇ ਜਾਂਦੇ ਜਾਂ ਕਈ ਬਾਰੀ ਸਹੀ ਢੰਗ ਨਾਲ ਨਹੀਂ ਕੀਤੇ ਜਾਂਦੇ । ਇਸ ਸਬੰਧੀ ਮੀਟਿੰਗ ਦੌਰਾਨ ਸਮੂਹ ਮੰਡਲ ਸਿੱਖਿਆ ਅਫਸਰ ਅਤੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰਾਂ ਨੂੰ ਹਦਾਇਤ ਕੀਤੀ ਗਈ ਕਿ ਉਨ੍ਹਾਂ ਵੱਲੋਂ ਜਿਹੜੇ ਵੀ ਨਿਰੀਖਣ ਮਿਤੀ 31 ਮਾਰਚ 2013 ਤੱਕ ਕੀਤੇ ਗਏ ਹਨ, ਇਨ੍ਹਾਂ ਕੀਤੇ ਗਏ ਨਿਰੀਖਣ ਸਬੰਧੀ ਪੂਰੀ ਵਿਸਥਾਰ ਰਿਪੋਰਟ ਮੁੱਖ ਦਫਤਰ ਨੂੰ ਭੇਜੀ ਜਾਵੇ।